ਪੌਲੁਸ ਦੀ ਪਹਿਲੀ ਪਤ੍ਰੀ

# ਤਿਮਤਾਊਸ ਨੂੰ।

ਲਿਖਤਮ ਪੌਲੁਸ, ਜੋ ਸਾਡੇ ਬਚਾਉਣਵਾਲੇ ਪਰਮੇਸੁਰ, ਅਰ ੧ ਕਾਂਡ
ਸਾਡੀ ਆਸਾ ਪ੍ਰਭੁ ਜਿਸੂ ਮਸੀਹ ਦੇ ਹੁਕਮ ਮੂਜਬ, ਜਿਸੂ ਮਸੀਹ
ਦਾ ਰਸੂਲ ਹੈ, ਤਿਮਤਾਊਸ ਨੂੰ ਜੋ ਪਰਤੀਤ ਵਿਖੇ ਅਸਲ ਪੁਤ੍ਰ ੨
ਹੈ; ਕਿਰਪਾ, ਦਯਾ, ਕੁਸਲ, ਸਾਡੇ ਪਿਤਾ ਪਰਮੇਸੁਰ ਅਰ ਸਾਡੇ
ਪ੍ਰਭੁ ਮਸੀਹ ਜਿਸੂ ਦੀ ਵਲੋਂ ਹੋਵੇ॥
ਮੈਂ ਜੋ ਮਕਦੂਨ ਨੂੰ ਜਾਣ ਦੇ ਵੇਲੇ ਤੇਰੇ ਅੱਗੇ ਬੇਨਤੀ ਕਰੀ ਸੀ, ੩
ਕਿ ਅਫਸ ਵਿੱਚ ਰਹਿਣਾ, ਸੋ ਹੁਣ ਬੀ ਬੇਨਤੀ ਕਰਦਾ ਹਾਂ, ਭਈ
ਤੂੰ ਕਈਆਂ ਨੂੰ ਹੁਕਮ ਕਰੇਂ, ਜੋ ਓਪਰੀ ਸਿੱਖਿਆ ਨਾ ਦੇਣ, ਅਰ ੪
ਕਹਾਣੀਆਂ, ਅਤੇ ਬੇਓੜਕ ਕੁਲਪਤ੍ਰੀਆਂ ਪੁਰ ਚਿੱਤ ਨਾ ਲਾ-
ਉਣ; ਜੋ ਏਹ ਬਾਦਾਂ ਨੂੰ ਉਪਜਾਉਂਦੀਆਂ ਹਨ, ਪਰ ਜੋ ਪਰਤੀਤ
ਵਿਖੇ ਪਰਮੇਸੁਰ ਦਾ ਬੰਦਬਸਤ ਹੈ; ਉਸ ਨੂੰ ਫਾਇਦਾ ਨਹੀਂ ਦਿੰ-
ਦੀਆਂ। ਅਰ ਹੁਕਮ ਦਾ ਅਰਥ ਉਹ ਪ੍ਰੇਮ ਹੈ, ਜੋ ਸੁਧ ਮਨ, ੫
ਅਰ ਅੱਛਾ ਵਿਵੇਕ, ਅਰ ਨਿਸਕਪਟ ਪਰਤੀਤ ਤੇ ਹੁੰਦਾ ਹੈ। ੬
ਪਰ ਕਈ ਇਨਾਂ ਤੇ ਬਹਿਕਕੇ ਬਕਵਾਦ ਦੀ ਵਲ ਮੁੜ ਗਏ; ਜੋ ੭
ਸਰਾ ਦੇ ਉਪਦੇਸਕ ਹੋਣੇ ਚਾਹੁੰਦੇ ਹਨ, ਅਰ ਨਹੀਂ ਸਮਝਦੇ ਜੋ
ਅਸੀਂ ਕਿਆ ਗੱਲਾਂ ਬੋਲਦੇ ਹਾਂ, ਅਤੇ ਕਿਨਾਂ ਬਾਤਾਂ ਨੂੰ ਸਾਬਤ

੮ ਕਰਦੇ ਹਾਂ। ਹੁਣ ਅਸੀਂ ਜਾਣਦੇ ਹਾਂ, ਜੋ ਸਰਾ ਅੱਛੀ ਹੈ—ਜੇ ਕੋਈ
੯ ਉਸ ਨੂੰ ਸਰਾ ਦੀ ਰੀਤ ਪੁਰ ਬਰਤੇ, ਅਰ ਇਹ ਜਾਣੇ, ਜੋ ਸਰਾ
ਧਰਮੀ ਦੇ ਵਾਸਤੇ ਨਹੀਂ, ਬਲਕ ਬੇਸਰਾ ਲੋਕਾਂ ਅਰ ਬੇਮੁਖਾਂ,
ਅਭਗਤਾਂ ਅਰ ਪਾਪੀਆਂ, ਅਪਵਿਤ੍ਰਾਂ ਅਰ ਪਖੰਡੀਆਂ, ਬਾਪ
ਦੇ ਮਾਰਨਵਾਲਿਆਂ ਅਰ ਮਾਊਂ ਦੇ ਮਾਰਨਵਾਲਿਆਂ, ਮਨੁੱਖ-
੧੦ ਘਾਤੀਆਂ, ਬਦਕਾਰਾਂ, ਮੁੰਡੇਬਾਜਾਂ, ਆਦਮੀਆਂ ਦੇ ਚੁਰਾਉਣ-
ਵਾਲਿਆਂ, ਕੂੜਿਆਂ, ਝੂਠੀ ਸੁਗੰਦ ਖਾਣਵਾਲਿਆਂ ਦੇ ਵਾਸਤੇ
ਠਹਿਰਾਈ ਹੋਈ ਹੈ; ਅਰ ਉਨਾਂ ਤੇ ਬਿਨਾ ਜੇ ਹੋਰ ਕੁਛ ਚੰਗੇ
੧੧ ਉਪਦੇਸ ਤੇ ਉਲਟਾ ਹੋਵੇ, ਤਾਂ ਉਸ ਦੀ ਲਈ ਬੀ ਹੈ। ਇਹ ਧਨੀ
ਪਰਮੇਸੁਰ ਦੇ ਪਰਤਾਪ ਦੀ ਖੁਸਖਬਰੀ ਅਨੁਸਾਰ ਹੈ, ਜੋ ਮੈਨੂੰ
੧੨ ਸੌਂਪੀ ਗਈ॥ ਅਰ ਮੈਂ ਆਪਣੇ ਪ੍ਰਭੁ ਮਸੀਹ ਜਿਸੂ ਦਾ,
ਜਿਸ ਨੈ ਮੈਨੂੰ ਸਕਤ ਦਿੱਤੀ, ਸੁਕਰ ਕਰਦਾ ਹਾਂ, ਇਸ ਲਈ ਜੋ
ਉਸ ਨੈ ਮੈਨੂੰ ਮਾਤਬਰ ਸਮਝਿਆ, ਅਰ ਸੇਵਕਾਈ ਪੁਰ ਠਹਿ-
੧੩ ਰਾਇਆ। ਮੈਂ ਤਾ ਅੱਗੇ ਕੁਫਰ ਬਕਣਵਾਲਾ, ਅਰ ਸਤਾਉਣ-
ਵਾਲਾ, ਅਰ ਉਪੱਦਰੀ ਸਾ; ਪਰ ਮੈਂ ਦਯਾ ਪਾਈ, ਇਸ ਵਾਸਤੇ
ਕਿ ਮੈਂ ਜੋ ਕੀਤਾ, ਸੋ ਅਣਜਾਣ ਹੋਕੇ ਬੇਈਮਾਨੀ ਵਿੱਚ ਕੀਤਾ।
੧੪ ਅਰ ਸਾਡੇ ਪ੍ਰਭੁ ਦੀ ਕਿਰਪਾ, ਪਰਤੀਤ ਅਰ ਪਿਆਰ ਸਣੇ ਜੋ
੧੫ ਮਸੀਹ ਜਿਸੂ ਵਿੱਚ ਹੈ, ਬਹੁਤ ਵਧ ਗਈ। ਇਹ ਬਚਨ ਪਤੀਜ
ਦੇ ਲਾਇਕ ਅਰ ਸਭ ਤਰਾਂ ਮੰਨ ਲੈਣੇ ਜੋਗ ਹੈ, ਜੋ ਮਸੀਹ ਜਿਸੂ
ਜਗਤ ਵਿੱਚ ਪਾਪੀਆਂ ਨੂੰ ਬਚਾਉਣ ਵਾਸਤੇ ਆਇਆ; ਅਰ
੧੬ ਉਨਾਂ ਵਿੱਚੋਂ ਵਡਾ ਪਾਪੀ ਮੈਂ ਹਾਂ। ਪਰ ਮੇਰੇ ਉੱਪਰ ਇਸ ਸਬੱਬ
ਦਯਾ ਹੋਈ, ਜੋ ਜਿਸੂ ਮਸੀਹ ਪਹਿਲਾਂ ਮੇਰੇ ਉੱਤੇ ਪੂਰੀ ਧੀਰਜ
ਨੂੰ ਪਰਗਟ ਕਰੇ; ਜਿਸ ਤੇ ਮੈਂ ਉਨਾਂ ਲਈ ਜੋ ਉਸ ਪੁਰ ਸਦੀਪਕ
੧੭ ਜੀਉਣ ਦੀ ਖਾਤਰ ਪਤੀਜਣਗੇ, ਨਮੂਨਾ ਬਣਾਂ। ਹੁਣ ਜੁਗਾਂ ਦੇ

ਪਾਤਸਾਹ ਨੂੰ, ਜੋ ਅਵਿਨਾਸੀ ਅਰ ਅਲੱਖ ਅਰ ਅਦੁਤੀ ਬੁੱਧ-
ਮਾਨ ਈਸੁਰ ਹੈ, ਆਦਰ ਅਤੇ ਤੇਜ ਜੁਗ ਜੁਗ ਹੋਵੇ: ਆਮੀਂ ॥

ਹੇ ਪੁਤ੍ਰ ਤਿਮਤਾਊਸ, ਮੈਂ ਤੈਨੂੰ ਉਨ੍ਹਾਂ ਪਿਕੰਬਰਵਾਕਾਂ ਮੂਜਬ, ੧੮
ਜੋ ਅਗੇ ਤੇਰੀ ਬਾਬਤ ਕੀਤੇ ਗਏ, ਇਹ ਹੁਕਮ ਦਿੰਦਾ ਹਾਂ, ਜੋ ਤੂੰ
ਉਨ੍ਹਾਂ ਦੇ ਵਸੀਲੇ ਨਾਲ਼ ਅੱਛੀ ਲੜਾਈ ਲੜ। ਅਤੇ ਪਰ- ੧੯
ਤੀਤ ਅਰ ਅੱਛੇ ਵਿਵੇਕ ਨੂੰ ਬਚਾਈ ਰੱਖੀਂ; ਕਿ ਉਸ ਨੂੰ ਕਿਤ-
ਨਿਆਂ ਨੈ ਛੱਡਕੇ ਪਰਤੀਤ ਦੀ ਬੇੜੀ ਤੋੜੀ। ਉਨ੍ਹਾਂ ਵਿੱਚੋਂ ਹੁਮ- ੨੦
ਨੈਊਸ ਅਰ ਸਿਕੰਦਰ ਹਨ; ਜਿਨ੍ਹਾਂ ਨੂੰ ਮੈਂ ਸਤਾਨ ਦੇ ਹੱਥ ਸੌਂਪਿ-
ਆ, ਭਈ ਤਾੜਨਾ ਪਾਕੇ ਓਹ ਕੁਫਰ ਦੀਆਂ ਗੱਲਾਂ ਨਾ ਬਕਣ ॥

ਸੋ ਮੈਂ ਸਭ ਤੇ ਪਹਿਲਾਂ ਇਹ ਉਪਦੇਸ ਦਿੰਦਾ ਹਾਂ, ਜੋ ਬੇਨ- ੨ ਕਾਂਡ
ਤੀਆਂ, ਅਰ ਦੁਆਂ, ਅਰ ਸਫਾਰਸਾਂ, ਅਰ ਸੁਕਰਗੁਜਾਰੀਆਂ,
ਸਰਬੱਤ ਆਦਮੀਆਂ ਦੇ ਲਈ ਕੀਤੀਆਂ ਜਾਣ—ਪਾਤਸਾਹਾਂ ੨
ਦੇ ਅਰ ਸਭਨਾਂ ਮਰਾਤਬੇਵਾਲਿਆਂ ਦੇ ਲਈ; ਭਈ ਅਸੀਂ
ਚੈਨ ਅਰ ਸੁਖ ਨਾਲ਼, ਸਭ ਤਰਾਂ ਦੀ ਭਗਤਾਈ ਅਰ ਗੰਭੀਰ-
ਤਾਈ ਸਣੇ, ਗੁਜਰਾਨ ਕਰਿਜੇ। ਕਿੰਉਕਿ ਸਾਡੇ ਬਚਾਉਣਵਾਲੇ ੩
ਪਰਮੇਸੁਰ ਦੇ ਅੱਗੇ ਇਹੋ ਭਲਾ ਅਰ ਪਸਿੰਦ ਹੈ: ਕਿ ਉਹ ਚਾ- ੪
ਹੰਦਾ ਹੈ, ਜੋ ਸਾਰੇ ਮਨੁੱਖ ਬਚਾਏ ਜਾਣ, ਅਰ ਸਚਿਆਈ ਦੀ
ਪਛਾਣ ਤੀਕੁਰ ਪਹੁੰਚਣ। ਇਸ ਲਈ ਜੋ ਇੱਕੋ ਪਰਮੇਸੁਰ ਹੈ; ੫
ਅਰ ਪਰਮੇਸੁਰ ਅਤੇ ਮਨੁੱਖ ਵਿੱਚ ਇੱਕ ਵਿਚੋਲਾ ਹੈ; ਸੋ ਮਸੀਹ ੬
ਜਿਸੂ ਮਨੁੱਖ ਹੈ; ਜਿਸ ਨੈ ਆਪਣੇ ਆਪ ਨੂੰ ਪਰਾਹਚਿੱਤ ਕਰਕੇ
ਸਭਨਾਂ ਦੇ ਬਦਲੇ ਦਿੱਤਾ; ਜਿਹਾਕੁ ਉਸ ਦੀ ਸਾਖੀ ਆਪਣੇ
ਸਮਿਆਂ ਵਿੱਚ ਹੋਣਵਾਲੀ ਸੀ: ਅਰ ਮੈਂ ਉਸ ਦੀ ਲਈ ੭
ਇੱਕ ਢੰਡੋਰਿਜਾ ਅਤੇ ਰਸੂਲ ਠਹਿਰਾਇਆ ਗਿਆ: (ਮੈਂ
ਮਸੀਹ ਵਿਖੇ ਸੱਚ ਬੋਲਦਾ ਹਾਂ, ਝੂਠ ਨਹੀਂ ਕਹਿੰਦਾ:) ਮੈਂ ਇ-
ਮਾਨ ਅਰ ਸਚਿਆਈ ਵਿਖੇ ਕੋਮਾਂ ਦਾ ਸਿਖਲਾਉਣਵਾਲਾ

੮ ਹਾਂ। ਉਪੰਰਦ ਮੈਂ ਇਹ ਚਾਹੁੰਦਾ ਹਾਂ, ਜੋ ਮਨੁੱਖ ਹਰ ਜਾਗਾ, ਗੁੱਸੇ
ਅਰ ਹੁੱਜਤ ਤੇ ਬਿਨਾ, ਪਵਿਤ੍ਰ ਹੱਥਾਂ ਨੂੰ ਚੁੱਕਕੇ ਦੁਆ ਕਰਨ।
੯ ਇਹ ਬੀ ਚਾਹੁੰਦਾ ਹਾਂ, ਜੋ ਤੀਮੀਆਂ ਲਾਇਕ ਪੁਸਾਕੀ ਪਹਿਨ-
ਕੇ ਆਪਣੇ ਆਪ ਨੂੰ ਲਾਜ ਅਰ ਸੰਜਮ ਨਾਲ਼ ਸੰਵਾਰਨ—
ਨਾ ਗੁੰਦਿਆਂ ਹੋਇਆਂ ਵਾਲ਼ਾਂ, ਅਥਵਾ ਸੋਨੇ, ਅਥਵਾ ਮੋਤੀ-
ਆਂ, ਅਥਵਾ ਵਡਮੁੱਲੇ ਬਸਤਰਾਂ ਨਾਲ਼; ਬਲਕ ਸੁਭ ਕਰਮਾਂ ਦੇ
੧੦ ਵਸੀਲੇ ਨਾਲ਼: ਜਿਹਾਕੁ ਇਹ ਉਨ੍ਹਾਂ ਤੀਮੀਆਂ ਨੂੰ ਜੋਗ ਹੈ, ਜੋ
੧੧ ਪਰਮੇਸੁਰ ਦੀ ਸੇਵਾ ਦਾ ਕਰਾਰ ਕਰਦੀਆਂ ਹਨ। ਤੀਮੀ ਨੂੰ
ਚਾਹਿਜੇ ਜੋ ਚੁਪਚਾਪ ਹੋਕੇ ਬਹੁਤ ਤਾਬਿਆਦਾਰੀ ਨਾਲ਼
੧੨ ਸਿੱਖੇ। ਅਰ ਮੈਂ ਤੀਮੀ ਨੂੰ ਪਰਵਾਨਗੀ ਨਹੀਂ ਦਿੰਦਾ, ਜੋ ਉਪਦੇਸ
ਕਰੇ, ਅਰ ਮਰਦ ਉੱਤੇ ਇਖਤਿਆਰ ਰੱਖੇ; ਬਲਕ ਇਹ, ਜੋ ਚੁੱਪ
੧੩ ਰਹੇ। ਕਿਉਕਿ ਪਿਰਥਮੇ ਆਦਮ ਬਣਾਇਆ ਗਿਆ; ਉਸ
੧੪ ਤੇ ਪਿੱਛੋਂ, ਹੱਵਾ। ਅਰ ਆਦਮ ਨੈ ਛਲ਼ ਨਹੀਂ ਖਾਧਾ, ਪਰ ਤੀ-
੧੫ ਮੀ ਛਲ਼ ਖਾਕੇ ਅਪਰਾਧ ਵਿੱਚ ਪਈ। ਪਰ ਉਹ ਪੁੱਤ ਜਣਨ
ਦੇ ਵਸੀਲੇ ਨਾਲ਼ ਬਚ ਜਾਏਗੀ— ਜੇ ਓਹ ਪਰਤੀਤ ਅਰ ਪ੍ਰੇਮ
ਅਰ ਪਵਿਤ੍ਰਤਾਈ ਪੁਰ ਸੰਜਮ ਨਾਲ਼ ਕਾਇਮ ਰਹਿਣ॥

੩ ਕਾਂਡ

ਇਹ ਇਤਬਾਰੀ ਗੱਲ ਹੈ, ਕਿ ਜੇ ਕੋਈ ਨਿਗਾਬਾਨੀ ਹੁੱਦੇ ਦੀ
੨ ਚੌਂਪ ਕਰਦਾ ਹੈ, ਤਾਂ ਅੱਛਾ ਕੰਮ ਚਾਹੁੰਦਾ ਹੈ। ਸੋ ਚਾਹਿਜੇ, ਕਿ
ਨਿਗਾਬਾਨ ਨਿਰਦੋਸ, ਇੱਕੋ ਤੀਮੀ ਦਾ ਭਰਤਾ, ਸੰਜਮੀ, ਸੁਚੇਤ,
ਨੇਕ ਮਿਜਾਜ, ਪਰਦੇਸੀਆਂ ਦਾ ਮਿਤ੍ਰ, ਅਰ ਉਪਦੇਸ ਦੇਣ
੩ ਪੁਰ ਸਾਮਰਥੀ ਹੋਵੇ; ਨਾ ਸਰਾਬੀ, ਨਾ ਮਾਰਕੁੱਟ ਕਰਨਵਾਲ਼ਾ,
ਨਾ ਅਜੋਗ ਨਫਾ ਲੈਣਵਾਲ਼ਾ; ਬਲਕ ਸਹਾਰੇਵਾਲ਼ਾ ਹੋਵੇ—ਨਾ
੪ ਝਾਗੜੂ, ਨਾ ਲਾਲਚੀ ਹੋਵੇ; ਅੱਛੀ ਤਰਾਂ ਨਾਲ਼ ਆਪਣੇ ਘਰ
ਦੀ ਅਗਵਾਈ ਕਰੇ, ਅਤੇ ਬਾਲਕਾਂ ਨੂੰ ਪੂਰੀ ਗੰਭੀਰਤਾਈ ਨਾਲ਼
੫ ਤਾਬਿਆਦਾਰੀ ਵਿੱਚ ਰੱਖੇ; (ਕਿਉਕਿ ਜੇ ਕੋਈ ਆਪਣੇ ਹੀ

ਘਰ ਦੀ ਅਗਵਾਈ ਕਰਨ ਨਾ ਜਾਣੇ, ਤਾਂ ਉਹ ਪਰਮੇਸੁਰ ਦੀ
ਕਲੀਸਿਯਾ ਦੀ ਖਬਰਦਾਰੀ ਕਿਸ ਤਰਾਂ ਕਰੇਗਾ?) ਅਤੇ ਨਵਾਂ ੬
ਸਿੱਖ ਨਾ ਹੋਵੇ, ਕਿਤੇ ਉਹ ਹੰਕਾਰ ਕਰਕੇ ਸਤਾਨ ਦੀ ਖਰਾਬੀ
ਵਿੱਚ ਜਾ ਪਵੇ। ਅਤੇ ਉਸ ਨੂੰ ਚਾਹਿਯੇ ਜੋ ਬਾਹਰਲਿਆਂ ਦੇ ੭
ਕੋਲੋਂ ਬੀ ਨੇਕਨਾਮ ਹੋਵੇ; ਭਈ ਉਹ ਬੋਲੀ ਹੇਠ ਨਾ ਆਵੇ,
ਅਰ ਸਤਾਨ ਦੀ ਫਾਹੀ ਵਿੱਚ ਨਾ ਫਸੇ॥ ਅਰ ਉਸੇ ਤਰਾਂ ੮
ਚਾਹਿਯੇ, ਜੋ ਸੇਵਕ ਗੰਭੀਰ ਹੋਣ; ਨਾ ਦੋਜੀਭੇ, ਨਾ ਬਹੁਤ ਸਰਾਬ
ਪੀਣਵਾਲੇ, ਨਾ ਅਜੋਗ ਨਫਾ ਲੈਣਵਾਲੇ ਹੋਣ: ਅਰ ਪਰਤੀਤ ੯
ਦੇ ਭੇਤ ਨੂੰ ਸੁੱਧ ਮਨ ਵਿੱਚ ਰੱਖਣ। ਅਤੇ ਏਹ ਪਿਰਥਮੇ ਪਰਤਿ- ੧੦
ਆਏ ਜਾਣ; ਇਸ ਤੇ ਪਿਛੋਂ, ਜੇ ਨਿਰਦੋਸ ਨਿੱਕਲਣ, ਤਾਂ ਸੇਵ-
ਕਾਈ ਕਰਨ। ਇਸੇ ਤਰਾਂ ਚਾਹਿਯੇ, ਜੋ ਉਨਾਂ ਦੀਆਂ ਤੀਮੀਆਂ ੧੧
ਗੰਭੀਰ ਹੋਣ, ਨਾ ਤੁਹਮਤੀ, ਪਰ ਸੰਜਮਣਾਂ, ਅਰ ਸਾਰੀਆਂ ਗੱਲਾਂ
ਵਿਖੇ ਮਾਤਬਰ ਹੋਣ। ਸੇਵਕ ਇੱਕ ਇੱਕ ਤੀਮੀ ਦੇ ਭਰਤੇ ਹੋਣ, ੧੨
ਅਰ ਆਪਣਿਆਂ ਬਾਲਕਾਂ ਅਰ ਆਪਣੇ ਘਰਾਂ ਦੀ ਅੱਛੀ
ਤਰਾਂ ਨਾਲ਼ ਅਗਵਾਈ ਕਰਨ। ਕਿੰਉਕਿ ਜਿਨਾਂ ਨੈ ਅੱਛੀ ਤਰਾਂ ੧੩
ਸੇਵਕਾਈ ਦਾ ਕੰਮ ਕੀਤਾ, ਸੋ ਆਪਣੇ ਲਈ ਅੱਛਾ ਮਰਾਤਬਾ,
ਅਰ ਉਸ ਪਰਤੀਤ ਵਿੱਚ ਜੋ ਮਸੀਹ ਯਿਸੂ ਪੁਰ ਹੈ, ਬਹੁਤਸਾਰੀ
ਦਲੇਰੀ ਪੈਦਾ ਕਰਦੇ ਹਨ। ਮੈਂ ਇਸ ਉਮੈਦ ਪੁਰ ਜੋ ਤੇਰੇ ਕੋਲ ੧੪
ਛੇਤੀ ਆਵਾਂ, ਤੈ ਨੂੰ ਏਹ ਗੱਲਾਂ ਲਿਖਦਾ ਹਾਂ: ਪਰ ਜੇ ਦੇਰੀ ਹੋ ੧੫
ਜਾਵੇ, ਤਾਂ ਤੂੰ ਜਾਣੇਂ, ਜੋ ਪਰਮੇਸੁਰ ਦੇ ਘਰ ਵਿੱਚ, ਜੋ ਜੀਉਂਦੇ
ਪਰਮੇਸੁਰ ਦੀ ਕਲੀਸਿਯਾ, ਅਰ ਸਚਿਆਈ ਦਾ ਥਮ੍ਹ ਅਰ
ਨੀਉਂ ਹੈ, ਕਿਸ ਤਰਾਂ ਚਲਣ ਕੀਤਾ ਚਾਹਿਯੇ॥ ਅਰ ਨਸੰਗ ੧੬
ਭਗਤਾਈ ਦਾ ਵਡਾ ਭੇਤ ਹੈ,—ਪਰਮੇਸੁਰ ਸਰੀਰ ਵਿੱਚ ਪਰਗਟ
ਹੋਇਆ; ਆਤਮਾ ਵਿੱਚ ਸੱਚਾ ਠਹਿਰਾਇਆ ਗਿਆ; ਦੂਤਾਂ
ਨੂੰ ਦਿਖਲਾਈ ਦਿੱਤੀ; ਕੋਮਾਂ ਵਿੱਚ ਤਿਸ ਦਾ ਪ੍ਰਚਾਰ ਹੋਇਆ;

ਜਗਤ ਵਿੱਚ ਤਿਸ ਪੁਰ ਪਤੀਜੇ; ਤੇਜ ਵਿੱਚ ਉੱਪਰ ਚੁੱਕਿਆ
ਗਿਆ ॥

੪ ਕਾਂਡ

ਪਰ ਆਤਮਾ ਸਾਫ਼ ਆਖਦਾ ਹੈ, ਜੋ ਪਿਛਲੇ ਸਮਿਆਂ ਵਿੱਚ
ਕਈ ਲੋਕ, ਭਰਮਾਉਣਵਾਲਿਆਂ ਆਤਮਿਆਂ ਅਰ ਦੇਵਾਂ
ਦੀਆਂ ਸਿੱਖਿਆਂ ਵਿੱਚ ਚਿੱਤ ਲਾਕੇ, ਪਰਤੀਤ ਤੇ ਫਿਰ ਜਾਣਗੇ।
੨ ਇਹ ਝੂਠ ਬੋਲਣਵਾਲਿਆਂ ਦੇ ਕਪਟਪੁਣੇ ਤੇ ਹੋਵੇਗਾ, ਜਿਨ੍ਹਾਂ
੩ ਦਾ ਮਨ ਸੁੰਨ ਹੋਗਿਆ ਹੈ; ਅਰ ਵਿਆਹ ਕਰਨ ਤੇ ਓਹ ਮਨੇ
ਕਰਦੇ; ਅਰ ਹੁਕਮ ਦਿੰਦੇ ਹਨ, ਕਿ ਉਨ੍ਹਾਂ ਖ਼ੁਰਾਕਾਂ ਤੇ ਪਰਹੇਜ਼
ਕਰੋ, ਜੋ ਪਰਮੇਸੁਰ ਨੈ ਇਸ ਲਈ ਉਤਪਤ ਕੀਤੀਆਂ, ਕਿ ਜਿਹ-
ੜੇ ਲੋਕ ਪਰਤੀਤਵਾਲੇ ਅਤੇ ਸੱਚ ਦੇ ਗਿਆਨੀ ਹਨ, ਸੋ ਸੁਕਰ-
੪ ਗੁਜਾਰੀ ਨਾਲ਼ ਖਾਣ। ਕਿੰਉਕਿ ਪਰਮੇਸੁਰ ਦੀ ਸਿਰਜੀ ਹੋਈ
ਹਰੇਕ ਚੀਜ ਅੱਛੀ ਹੈ, ਅਰ ਕੁਛ ਤਿਆਗਣ ਦੇ ਜੋਗ ਨਹੀਂ—ਜੇ
੫ ਉਸ ਨੂੰ ਸੁਕਰਗੁਜਾਰੀ ਨਾਲ਼ ਖਾ ਲੈਣ: ਇਸ ਲਈ ਜੋ ਉਹ ਪਰ-
੬ ਮੇਸੁਰ ਦੀ ਬਾਣੀ ਅਤੇ ਬੇਨਤੀ ਨਾਲ਼ ਪਵਿਤ੍ਰ ਹੁੰਦੀ ਹੈ। ਜੇ ਤੂੰ
ਭਾਈਆਂ ਨੂੰ ਏਹ ਗੱਲਾਂ ਚਿਤਾਰੇਂ, ਤਾਂ ਤੂੰ ਪਰਤੀਤ ਅਰ ਉਸ
ਅੱਛੀ ਸਿੱਖਿਆ ਦੀਆਂ ਗੱਲਾਂ ਵਿੱਚ, ਜਿਸ ਦਾ ਤੈਂ ਪਿੱਛਾ ਕੀ-
ਤਾ, ਪਿਰਤਪਾਲ ਪਾਕੇ, ਜਿਸੂ ਮਸੀਹ ਦਾ ਅੱਛਾ ਸੇਵਕ ਬਣਿ-
੭ ਆ ਰਹੇਂਗਾ। ਪਰ ਧਰਮਹੀਣਾਂ ਅਰ ਬੁੱਢੀਆਂ ਦੀਆਂ ਕਹਾ-
੮ ਣੀਆਂ ਤੇ ਮੂੰਹ ਮੋੜ; ਅਰ ਭਗਤਾਈ ਦੀ ਸਾਧਨਾ ਕਰ। ਕਿੰਉ-
ਕਿ ਸਰੀਰਕ ਸਾਧਨਾ ਦਾ ਲਾਭ ਘੱਟ ਹੈ, ਪਰ ਭਗਤਾਈ ਸਭਨਾਂ
ਗੱਲਾਂ ਦੀ ਲਈ ਲਾਭਵੰਤ ਹੈ; ਕਿੰਉਜੋ ਹੁਣ ਦੇ ਅਰ ਅਗਲੇ
੯ ਜੀਉਣ ਦਾ ਵਾਇਦਾ ਤਿਸੇ ਦੀ ਲਈ ਹੈ। ਇਹ ਗੱਲ ਇਤਬਾ-
੧੦ ਰੀ, ਅਰ ਪੂਰੀ ਮਾਨਤਾ ਦੇ ਜੋਗ ਹੈ। ਕਿੰਉਕਿ ਸਾਡੀ ਮਿਹਨਤ
ਕਰਨੀ ਅਰ ਨਿੰਦਿਆ ਸਹਾਰਨੀ ਇਸ ਲਈ ਹੈ, ਜੋ ਅਸੀਂ ਜੀ-
ਉਂਦੇ ਪਰਮੇਸੁਰ ਪੁਰ, ਜਿਹੜਾ ਸਰਬੱਤ ਮਨੁੱਖਾਂ ਦਾ, ਨਿਜ ਕਰਕੇ